

ਇਮਪਲੌਏਮੈਂਟ ਸਟੈਂਡਰਡਜ਼ ਐਕਟ

# ਤੱਥ-ਸ਼ੀਟ

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

ਅਗਸਟ 2005

# ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮੇ
# Farm Workers

## 'ਫਾਰਮ ਵਰਕਰ' ਦੀ ਪਰਿਭਾਸ਼ਾ

ਇਮਪਲੌਏਮੈਂਟ ਸਟੈਂਡਰਡਜ਼ ਰੈਗੂਲੇਸ਼ਨ ਮੁਤਾਬਕ ਫਾਰਮ ਵਰਕਰ ਦੀ ਪਰਿਭਾਸ਼ਾ ਉਸ ਵਿਅਕਤੀ ਵਜੋਂ ਕੀਤੀ ਗਈ ਹੈ ਜਿਹੜਾ ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੇ ਖੇਤਰ ਵਿਚ ਕੰਮ ਕਰਦਾ ਹੈ ਅਤੇ ਜਿਸ ਦੇ ਕੰਮ ਦੀਆਂ ਮੁੱਖ ਜ਼ਿੰਮੇਵਾਰੀਆਂ ਵਿਚ ਇਹ ਸ਼ਾਮਲ ਹਨ:

- ਉਪਰਲੇ ਕਿਸੇ ਵੀ ਖੇਤਰ ਵਿਚ ਕਿਸੇ ਚੀਜ਼ ਨੂੰ ਉਗਾਉਣਾ, ਵਧਾਉਣਾ, ਦੇਖ-ਭਾਲ ਕਰਨਾ, ਵਾਹੀ ਕਰਨਾ, ਬੂਟੇ ਉਪਜਾਉਣਾ, ਕਟਾਈ ਜਾਂ ਝਟਕਾਈ ਕਰਨਾ।
- ਜ਼ਮੀਨ ਨੂੰ ਸਾਫ ਕਰਨਾ, ਪਾਣੀ ਕੱਢਣਾ, ਸਿੰਜਾਈ ਕਰਨਾ ਜਾਂ ਜ਼ਮੀਨ ਨੂੰ ਵਾਹੁਣਾ।
- ਉਪਰਲੇ ਮੰਤਵਾਂ ਲਈ ਫਾਰਮ ਦੀ ਮਸ਼ੀਨਰੀ, ਸਾਜ਼-ਸਮਾਨ ਜਾਂ ਹੋਰ ਚੀਜ਼ਾਂ ਚਲਾਉਣਾ ਜਾਂ ਵਰਤਣਾ।
- ਉਪਰਲੇ ਖੇਤਰ ਵਾਲੀ ਕਿਸੇ ਵੀ ਥਾਂ ਤੇ ਕੋਈ ਚੀਜ਼ ਸਿੱਧੀ ਵੇਚਣਾ, ਜੇ ਇਹ ਵਿਕਰੀ ਸਿਰਫ ਉੱਥੇ ਹੀ ਕੀਤੀ ਜਾਂਦੀ ਹੈ ਅਤੇ ਕੇਵਲ ਉਸ ਚੀਜ਼ ਦੇ ਪੱਕਣ ਦੇ ਆਮ ਮੌਸਮ ਦੌਰਾਨ ਕੀਤੀ ਜਾਂਦੀ ਹੈ।
- ਉਸ ਥਾਂ ਵਲੋਂ ਪੈਦਾ ਕੀਤੀ ਗਈ ਚੀਜ਼ ਨੂੰ ਕੋਈ ਤਬਦੀਲੀ ਕੀਤੇ ਬਿਨਾਂ ਜਾਂ ਉਹੋ ਚੀਜ਼ ਫਸਲ ਪੱਕਣ ਦੇ ਆਮਮੌਸਮ ਵਿਚ ਕਿਸੇ ਹੋਰ ਥਾਂ ਤੋਂ ਲੈ ਕੇ ਉਸ ਦੀ ਮੁਢਲੀ ਧੁਆਈ, ਸਫਾਈ, ਛਾਂਟੀ, ਗ੍ਰੇਡਬੰਦੀ ਜਾਂ ਪੈਕਿੰਗ ਕਰਨਾ।

ਇਨ੍ਹਾਂ ਵਿਚੋਂ ਕੋਈ ਵੀ ਫਾਰਮ ਵਰਕਰ ਨਹੀਂ ਹੈ:

- ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੀ ਕਿਸੇ ਚੀਜ਼ ਤੋਂ ਕੋਈ ਚੀਜ਼ ਬਣਾਉਣ (ਪ੍ਰੋਸੈੱਸ ਕਰਨ) ਵਜੋਂ ਕੰਮ ਕਰਦਾ ਕੋਈ ਮੁਲਾਜ਼ਮ।
- ਫੁੱਲ ਬੂਟੇ ਲਾਉਣ ਵਾਲਾ ਗਾਰਡਨਰ ਜਾਂ ਜਿਹੜਾ ਵਿਅਕਤੀ ਪ੍ਰਚੂਨ ਵਿਕਰੀ ਵਾਲੀ ਨਰਸਰੀ ਵਿਚ ਕੰਮ ਕਰਦਾ ਹੈ।
- ਜਲਜੀਵਾਂ ਦੇ ਖੇਤਰ ਵਿਚ ਕੰਮ ਕਰਦਾ ਕੋਈ ਮੁਲਾਜ਼ਮ।

ਫਾਰਮ ਵਰਕਰ, *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਨਿਯਮਾਂ ਦੇ ਬਹੁਤੇ ਸੈਕਸ਼ਨਾਂ ਅਧੀਨ ਆਉਂਦੇ ਹਨ ਪਰ ਅੱਗੇ ਲਿਖੀਆਂ ਕੁਝ ਖਾਸ ਮਹੱਤਵਪੂਰਨ ਛੋਟਾਂ ਹਨ।

## ਘੱਟੋ-ਘੱਟ ਤਨਖਾਹ

ਫਾਰਮ ਵਿਚ ਕੰਮ ਕਰਨ ਵਾਲੇ ਕਾਮੇ ਜਿਹੜੇ ਕੁਝ ਖਾਸ ਫਸਲਾਂ ਹੱਥ ਨਾਲ ਚੁਗਦੇ ਹਨ, ਉਨ੍ਹਾਂ ਨੂੰ ਹਰ ਫਸਲ ਦਾ ਇਕ ਘੱਟੋ-ਘੱਟ ਪੀਸ ਰੇਟ (ਕੰਮ ਮੁਤਾਬਕ ਰੇਟ) ਮਿਲਣਾ ਜ਼ਰੂਰੀ ਹੈ। ਇਹ ਪੀਸ ਰੇਟ ਹੇਠਾਂ ਦਿੱਤੇ ਗਏ ਹਨ।

ਜਿੱਥੇ ਫਾਰਮ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਪੈਸੇ ਪੀਸ ਰੇਟ ਮੁਤਾਬਕ ਮਿਲਦੇ ਹਨ ਉੱਥੇ ਮਾਲਕ (ਇਮਪਲੌਏਅਰ) ਨੂੰ ਇਹ ਦੱਸਦੇ ਹੋਏ ਨੋਟਿਸ ਜ਼ਰੂਰ ਲਾਉਣੇ ਪੈਣਗੇ: ਚੁਗਾਈ ਕਰਨ ਵਾਲੇ ਡੱਬਿਆਂ (ਕਨਟੇਨਰਜ਼) ਦਾ ਪਸਾਰ, ਡੱਬੇ ਨੂੰ ਭਰਨ ਲਈ ਲੋੜੀਂਦਾ ਪਸਾਰ ਜਾਂ ਭਾਰ ਅਤੇ ਫਸਲ ਦਾ ਪੀਸ ਰੇਟ।

ਬਾਕੀ ਸਾਰੇ ਫਾਰਮ ਕਾਮਿਆਂ ਨੂੰ ਘੰਟੇ ਦੀ **ਘੱਟੋ-ਘੱਟ** ਤਨਖਾਹ 8 ਡਾਲਰ ਦਿੱਤੀ ਜਾਣੀ ਜ਼ਰੂਰੀ ਹੈ, ਭਾਵੇਂ ਉਹ ਕਾਮੇ ਘੰਟਿਆਂ ਤੇ ਕੰਮ ਕਰਦੇ ਹੋਣ, ਉੱਕੀ-ਪੁੱਕੀ ਤਨਖਾਹ ਲੈਂਦੇ ਹੋਣ ਜਾਂ ਕਿਸੇ ਹੋਰ ਤਰੀਕੇ ਨਾਲ ਤਨਖਾਹ ਲੈਂਦੇ ਹੋਣ।

**ਨੋਟ:** ਸੀਜ਼ਨਲ ਐਗਰੀਕਲਚਰਲ ਵਰਕਰ ਪ੍ਰੋਗਰਾਮ (ਐੱਸ ਏ ਡਬਲਯੂ ਪੀ) ਅਧੀਨ ਕੰਮ ਕਰਨ ਵਾਲੇ ਫਾਰਮ ਵਰਕਰਾਂ ਨੂੰ ਤਨਖਾਹ ਐੱਸ ਏ ਡਬਲਯੂ ਪੀ ਕੌਨਟਰੈਕਟ ਅਧੀਨ ਦਿੱਤੀ ਜਾਣੀ ਜ਼ਰੂਰੀ ਹੈ। ਐੱਸ ਏ ਡਬਲਯੂ ਪੀ ਕੌਨਟਰੈਕਟ ਬਾਰੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ ਨਾਲ 604-687-7803 'ਤੇ ਜਾਂ ਬ੍ਰਿਟਿਸ਼ ਕੋਲੰਬੀਆ ਵਿਚ ਟੋਲ ਫਰੀ 1-888-246-7712 'ਤੇ ਸੰਪਰਕ ਕਰੋ।

## ਤਨਖਾਹਾਂ ਦੇਣਾ

ਸਾਰੇ ਫਾਰਮ ਕਾਮਿਆਂ ਨੂੰ ਮਹੀਨੇ ਵਿਚ **ਘੱਟੋ-ਘੱਟ** ਦੋ ਵਾਰੀ ਤਨਖਾਹ ਮਿਲਣੀ ਜ਼ਰੂਰੀ ਹੈ।

ਘੰਟਿਆਂ ਤੇ ਕੰਮ ਕਰਨ ਵਾਲੇ ਕਾਮਿਆਂ ਅਤੇ ਉੱਕਾ-ਪੁੱਕਾ ਤਨਖਾਹ ਲੈਣ ਵਾਲੇ ਕਾਮਿਆਂ ਨੂੰ ਤਨਖਾਹ ਸਮੇਂ ਦੇ ਅੰਤ ਤੋਂ ਬਾਅਦ ਅੱਠ ਦਿਨਾਂ ਦੇ ਵਿਚ ਵਿਚ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ।

ਪੀਸ ਰੇਟ ਤੇ ਕੰਮ ਕਰਦੇ ਕਾਮਿਆਂ ਨੂੰ ਕੁੱਲ ਅੰਦਾਜ਼ਨ ਤਨਖਾਹ ਦੀ ਘੱਟੋ-ਘੱਟ 80 ਫੀਸਦੀ ਤਨਖਾਹ ਹਰ ਮਹੀਨੇ ਦੇ ਅੱਧ ਵਿਚ ਦਿੱਤੀ ਜਾ ਸਕਦੀ ਹੈ। ਬਾਕੀ ਸਾਰੀ ਬਚਦੀ ਤਨਖਾਹ ਹਰ ਮਹੀਨੇ ਦੇ ਅੰਤ ਤੋਂ ਬਾਅਦ ਦੇ ਅੱਠ ਦਿਨਾਂ ਵਿਚ ਦਿੱਤੀ ਜਾਣੀ ਜ਼ਰੂਰੀ ਹੈ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਲਾਇਸੰਸਸ਼ੁਦਾ ਠੇਕੇਦਾਰਾਂ ਲਈ, ਤਨਖਾਹਾਂ ਸਿੱਧੀਆਂ ਕਾਮਿਆਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

BRITISH COLUMBIA

**Ministry of Labour and Citizens' Services**

Employment Standards Branch

**FOR MORE INFORMATION**:
**Call**: 1-800-663-3316, 612-4100 in Prince George
**Fax**: (250) 612-4121
**Website:** www.labour.gov.bc.ca/esb

[Punjabi]

## ਤਨਖਾਹਾਂ ਵਿੱਚੋਂ ਕਟੌਤੀਆਂ

ਕੋਈ ਵੀ ਮਾਲਕ, ਕਾਨੂੰਨ ਮੁਤਾਬਕ ਜ਼ਰੂਰੀ ਕਟੌਤੀਆਂ (ਜਿਵੇਂ ਕਿ ਇਨਕਮ ਟੈਕਸ, ਸੀ ਪੀ ਪੀ ਅਤੇ ਈ ਆਈ) ਤੋਂ ਬਿਨਾਂ ਜਾਂ ਕਾਮੇ ਦੀ ਲਿਖਤੀ ਆਗਿਆ ਤੋਂ ਬਿਨਾਂ ਕਿਸੇ ਵੀ ਕਾਮੇ ਦੀ ਤਨਖਾਹ ਵਿੱਚੋਂ ਸਿੱਧੀ ਜਾਂ ਅਸਿੱਧੀ ਕਟੌਤੀ ਨਹੀਂ ਕਰ ਸਕਦਾ, ਤਨਖਾਹ ਰੋਕ ਨਹੀਂ ਸਕਦਾ ਜਾਂ ਕਿਸੇ ਹੋਰ ਹਰਜਾਨੇ ਵਜੋਂ ਕਾਮੇ ਦੀ ਤਨਖਾਹ ਵਿੱਚੋਂ ਕਟੌਤੀ ਨਹੀਂ ਕਰ ਸਕਦਾ।

ਭਾਵੇਂ ਕਾਮੇ ਨੇ ਕੋਈ ਲਿਖਤੀ ਆਗਿਆ ਦਿੱਤੀ ਵੀ ਹੋਵੇ, ਫਿਰ ਵੀ ਕੋਈ ਵੀ ਮਾਲਕ ਕਿਸੇ ਵੀ ਕਾਮੇ ਤੋਂ ਇਹ ਕੰਮ ਨਹੀਂ ਕਰ ਸਕਦਾ ਕਿ ਉਹ ਮਾਲਕ ਦੇ ਕਾਰੋਬਾਰ ਦੇ ਖਰਚੇ ਦਾ ਕੋਈ ਹਿੱਸਾ ਦੇਵੇ।

## ਓਵਰਟਾਈਮ

ਫਾਰਮ ਵਿਚ ਕੰਮ ਕਰਨ ਵਾਲੇ ਕਾਮੇ ਓਵਰਟਾਈਮ ਦੀ ਤਨਖਾਹ ਲੈਣ ਦੇ ਹੱਕਦਾਰ ਨਹੀਂ ਹਨ। ਪਰ ਫਾਰਮ ਵਿਚ ਕੰਮ ਕਰਦੇ ਕਿਸੇ ਵੀ ਕਾਮੇ ਨੂੰ ਇਤਨੇ ਜ਼ਿਆਦਾ ਘੰਟੇ ਕੰਮ ਨਹੀਂ ਕਰਨਾ ਚਾਹੀਦਾ ਜਿਹੜਾ ਕਿ ਕਾਮੇ ਦੀ ਸਿਹਤ ਜਾਂ ਸੁਰੱਖਿਆ ਲਈ ਨੁਕਸਾਨਦੇਹ ਹੋਵੇ।

## ਸਲਾਨਾ ਛੁੱਟੀਆਂ (ਵਕੇਸ਼ਨ) ਅਤੇ ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ)

ਪੀਸ ਰੇਟ ਤੇ ਕੰਮ ਕਰਦੇ ਕਾਮਿਆਂ ਲਈ ਛੁੱਟੀਆਂ ਦੀ ਤਨਖਾਹ, ਹੇਠਾਂ ਦਿੱਤੇ ਪੀਸ ਰੇਟਾਂ ਵਿਚ **ਸ਼ਾਮਲ** ਹੈ।

ਉੱਕੀ-ਪੁੱਕੀ ਤਨਖਾਹ ਜਾਂ ਘੰਟਿਆਂ ਦੀ ਤਨਖਾਹ ਲੈਣ ਵਾਲੇ ਫਾਰਮ ਵਿਚ ਕੰਮ ਕਰਨ ਵਾਲੇ ਕਾਮੇ ਇਸ ਦੇ ਹੱਕਦਾਰ ਹਨ:

- 12 ਮਹੀਨਿਆਂ ਦੇ ਲਗਾਤਾਰ ਕੰਮ ਤੋਂ ਬਾਅਦ ਦੋ ਹਫਤਿਆਂ ਦੀਆਂ ਛੁੱਟੀਆਂ ਅਤੇ ਪੰਜ ਸਾਲ ਲਗਾਤਾਰ ਕੰਮ ਤੋਂ ਬਾਅਦ ਤਿੰਨ ਹਫਤੇ ਦੀਆਂ ਛੁੱਟੀਆਂ ਦੇ ਹੱਕਦਾਰ ਹਨ।
- ਪੰਜ ਦਿਨਾਂ ਦੀ ਮੁਲਾਜ਼ਮਤ ਪੂਰੀ ਕਰਨ ਤੋਂ ਬਾਅਦ ਕੁੱਲ ਆਮਦਨ ਦੀ ਚਾਰ ਫੀਸਦੀ ਛੁੱਟੀਆਂ ਦੀ ਤਨਖਾਹ ਅਤੇ ਪੰਜ ਸਾਲ ਦੀ ਮੁਲਾਜ਼ਮਤ ਤੋਂ ਬਾਅਦ ਕੁੱਲ ਸਲਾਨਾ ਆਮਦਨ ਦੀ ਛੇ ਫੀਸਦੀ ਛੁੱਟੀਆਂ ਦੀ ਤਨਖਾਹ ਦੇ ਹੱਕਦਾਰ ਹਨ। (ਸਲਾਨਾ ਛੁੱਟੀਆਂ ਬਾਰੇ ਤੱਥ-ਸ਼ੀਟ ਦੇਖੋ)

ਛੁੱਟੀਆਂ ਦੀ ਤਨਖਾਹ ਇਸ ਤਰ੍ਹਾਂ ਦਿੱਤੀ ਜਾਣੀ ਹੈ:

- ਸਲਾਨਾ ਛੁੱਟੀਆਂ ਸ਼ੁਰੂ ਹੋਣ ਤੋਂ ਘੱਟੋ ਘੱਟ ਸੱਤ ਦਿਨ ਪਹਿਲਾਂ, ਜਾਂ
- ਜੇ ਮਾਲਕ ਅਤੇ ਕਾਮੇ ਨੇ ਲਿਖਤੀ ਤੌਰ 'ਤੇ ਸਹਿਮਤੀ ਕੀਤੀ ਹੋਈ ਹੈ ਤਾਂ ਤਨਖਾਹ ਵਾਲੇ ਆਮ ਦਿਨਾਂ ਨੂੰ, ਜਾਂ
- ਜੇ ਕੰਮ ਇਕ ਸਾਲ ਤੋਂ ਪਹਿਲਾਂ ਮੁੱਕ ਜਾਂਦਾ ਹੈ ਤਾਂ ਆਖਰੀ ਤਨਖਾਹ ਦੀ ਚੈੱਕ ਨਾਲ।

## ਕਾਨੂੰਨੀ ਛੁੱਟੀਆਂ

ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮੇ ਕਾਨੂੰਨੀ ਛੁੱਟੀਆਂ ਦੀ ਤਨਖਾਹ ਤੋਂ ਬਾਹਰ ਹਨ।

## ਤਨਖਾਹਾਂ ਦੇ ਚਿੱਠੇ

ਤਨਖਾਹ ਵਾਲੇ ਦਿਨ, ਮਾਲਕ ਵਲੋਂ ਹਰ ਮੁਲਾਜ਼ਮ ਨੂੰ ਤਨਖਾਹ ਦਾ ਲਿਖਤੀ ਚਿੱਠਾ ਦੇਣਾ ਜ਼ਰੂਰੀ ਹੈ ਜਿਸ ਵਿਚ ਅੱਗੇ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਮਾਲਕ ਦਾ ਨਾਂ ਅਤੇ ਐਡਰੈਸ।
- ਕਿੰਨੇ ਘੰਟੇ ਕੰਮ ਕੀਤਾ ਹੈ।
- ਕਾਮੇ ਦਾ ਤਨਖਾਹ ਰੇਟ, ਕੀ ਇਹ ਘੰਟਿਆਂ ਦਾ ਰੇਟ ਹੈ, ਉੱਕੀ-ਪੁੱਕੀ ਤਨਖਾਹ ਹੈ, ਫਲੈਟ ਰੇਟ ਹੈ, ਪੀਸ ਰੇਟ ਹੈ, ਕਮਿਸ਼ਨ ਜਾਂ ਕਿਸੇ ਹੋਰ ਤਰ੍ਹਾਂ ਹੈ।
- ਕੋਈ ਹੋਰ ਪੈਸੇ, ਅਲਾਊਂਸ ਜਾਂ ਹੋਰ ਅਦਾਇਗੀ ਜਿਸ ਦਾ ਮੁਲਾਜ਼ਮ ਹੱਕਦਾਰ ਹੈ।
- ਹਰ ਕਟੌਤੀ ਦੀ ਰਕਮ ਅਤੇ ਇਸ ਦਾ ਮੰਤਵ।
- ਮੁਲਾਜ਼ਮ ਦੀ ਆਮਦਨ ਦਾ ਹਿਸਾਬ ਕਿਵੇਂ ਲਾਇਆ ਗਿਆ ਹੈ, ਜੇ ਮੁਲਾਜ਼ਮ ਦੀ ਤਨਖਾਹ ਘੰਟਿਆਂ ਜਾਂ ਉੱਕੀ-ਪੁੱਕੀ ਤਨਖਾਹ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਦਿੱਤੀ ਗਈ ਹੈ।
- ਮੁਲਾਜ਼ਮ ਦੀ ਕੁੱਲ ਅਤੇ ਕਟੌਤੀਆਂ ਤੋਂ ਬਾਅਦ ਤਨਖਾਹ ਅਤੇ ਕੋਈ ਵੀ ਹੋਰ ਰਕਮ ਦਾ ਵੇਰਵਾ ਜਿਹੜੀ ਮੁਲਾਜ਼ਮ ਦੇ ਟਾਈਮ ਬੈਂਕ ਵਿਚੋਂ ਕਢਾਈ ਗਈ ਹੈ ਅਤੇ ਕਿੰਨੀ ਰਕਮ ਰਹਿੰਦੀ ਹੈ।

## ਪੀਸ ਵਰਕ ਵਾਲੀਆਂ ਫਸਲਾਂ ਲਈ ਘੱਟੋ-ਘੱਟ ਤਨਖਾਹ 14 ਮਈ, 2003 ਤੋਂ ਲਾਗੂ

ਫਾਰਮ ਵਿਚ ਕੰਮ ਕਰਨ ਵਾਲੇ ਜਿਹੜੇ ਕਾਮੇ ਪੀਸ ਵਰਕ ਦੇ ਆਧਾਰ ਤੇ ਕੰਮ ਕਰਦੇ ਹਨ ਅਤੇ ਅੱਗੇ ਲਿਖੀਆਂ ਫਸਲਾਂ ਹੱਥਾਂ ਨਾਲ ਤੋੜਦੇ ਹਨ, ਉਨ੍ਹਾਂ ਲਈ ਘੱਟੋ-ਘੱਟ ਰੇਟ ਇਸ ਤਰ੍ਹਾਂ ਹਨ (ਛੁੱਟੀਆਂ ਦੀ 4 ਫੀਸਦੀ ਤਨਖਾਹ ਸਮੇਤ)

| | |
|---|---|
| ਸੇਬ | 15.60 ਡਾਲਰ/ ਢੋਲ (27.1 ਘਣ-ਫੁੱਟ) |
| ਖੁਰਮਾਨੀਆਂ | 17.94 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਫਲੀਆਂ | 0.214 ਡਾਲਰ/ ਪੌਂਡ |
| ਬਲੂਬੇਰੀ | 0.362 ਡਾਲਰ/ ਪੌਂਡ |
| ਸਪਰੋਟ | 0.149 ਡਾਲਰ/ ਪੌਂਡ |
| ਚੈਰੀ | 0.205 ਡਾਲਰ/ ਪੌਂਡ |
| ਅੰਗੂਰ | 16.58 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਖੁੰਬਾਂ | 0.215 ਡਾਲਰ/ ਪੌਂਡ |
| ਆੜੂ | 16.58 ਡਾਲਰ/ ਅੱਧਾ ਢੋਲ (12.6 ਘਣ-ਫੁੱਟ) |
| ਨਾਸ਼ਪਾਤੀਆਂ | 17.56 ਡਾਲਰ/ ਢੋਲ (27.1 ਘਣ-ਫੁੱਟ) |
| ਮਟਰ | 0.267 ਡਾਲਰ/ ਪੌਂਡ |
| ਆਲੂ ਬੁਖਾਰੇ | 17.56 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਰਸਬੇਰੀ | 0.326 ਡਾਲਰ/ ਪੌਂਡ |
| ਸਟਰਾਅਬੇਰੀ | 0.314 ਡਾਲਰ/ ਪੌਂਡ |
| ਡੈਫੋਡਿਲਜ਼** | 0.125 ਡਾਲਰ/ ਗੁੱਛਾ (10 ਡੰਡੀਆਂ) |

** **ਨੋਟ:** ਡੈਫੋਡਿਲਜ਼ ਦੇ ਰੇਟਾਂ ਵਿਚ ਛੁੱਟੀਆਂ ਦੀ ਤਨਖਾਹ ਸ਼ਾਮਲ **ਨਹੀਂ।**